**ਭਾਰਤ ਅਤੇ ਚੀਨ ਦੇ ਵਿਸ਼ੇਸ਼ ਪ੍ਰਤੀਨਿਧੀਆਂ ਦੀ 23ਵੀਂ ਬੈਠਕ**

18 ਦਸੰਬਰ, 2024

ਭਾਰਤ ਅਤੇ ਚੀਨ ਦੇ ਵਿਸ਼ੇਸ਼ ਪ੍ਰਤੀਨਿਧੀਆਂ (SRs) ਦੀ 23ਵੀਂ ਬੈਠਕ, ਕ੍ਰਮਵਾਰ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ, ਅਤੇ ਚੀਨ ਦੀ ਕਮਿਊਨਿਸਟ ਪਾਰਟੀ (CPC) ਦੀ ਕੇਂਦਰੀ ਕਮੇਟੀ ਦੇ ਰਾਜਨੀਤਿਕ ਬਿਊਰੋ ਦੇ ਸਦੱਸ ਅਤੇ ਚੀਨ ਦੇ ਵਿਦੇਸ਼ ਮੰਤਰੀ ਸ਼੍ਰੀ ਵੋਂਗ ਯੀ ਵਿਚਕਾਰ, 18 ਦਸੰਬਰ 2024 ਨੂੰ ਬੀਜਿੰਗ ਵਿੱਚ ਹੋਈ।

2. ਵਿਸ਼ੇਸ਼ ਪ੍ਰਤੀਨਿਧੀਆਂ ਦੀ ਇਹ ਮੁਲਾਕਾਤ, ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਕਜ਼ਾਨ ਵਿੱਚ ਹਾਲ ਹੀ ਹੋਈ ਬੈਠਕ ਦੇ ਦੌਰਾਨ, ਇੱਕ ਛੇਤੀ ਮਿਤੀ 'ਤੇ ਉਹਨਾਂ ਦੇ ਮਿਲਣ ਲਈ ਲਏ ਗਏ ਫੈਸਲੇ ਦੇ ਅਨੁਸਾਰ ਹੋਈ ਸੀ ਤਾਂ ਜੋ ਉਹ ਸਰਹੱਦੀ ਖੇਤਰਾਂ ਵਿੱਚ ਅਮਨ-ਸ਼ਾਂਤੀ ਦੇ ਪ੍ਰਬੰਧਨ ਦੀ ਨਿਗਰਾਨੀ ਕਰਨ ਅਤੇ ਸਰਹੱਦੀ ਮੁੱਦੇ ਉੱਤੇ ਇੱਕ ਨਿਰਪੱਖ, ਉਚਿਤ ਅਤੇ ਆਪਸੀ ਸਵੀਕਾਰਯੋਗ ਹੱਲ ਦੀ ਖੋਜ ਕਰਨ।

3. ਵਿਸ਼ੇਸ਼ ਪ੍ਰਤੀਨਿਧੀਆਂ ਨੇ ਸਰਹੱਦੀ ਮੁੱਦੇ ਦੇ ਨਿਪਟਾਰੇ ਲਈ ਇੱਕ ਨਿਰਪੱਖ, ਉਚਿਤ ਅਤੇ ਆਪਸੀ ਸਵੀਕਾਰਯੋਗ ਫਰੇਮਵਰਕ ਦੀ ਖੋਜ ਕਰਦੇ ਹੋਏ ਸਮੁੱਚੇ ਦੁਵੱਲੇ ਸਬੰਧਾਂ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਨੂੰ ਬਣਾਈ ਰੱਖਣ ਦੀ ਮਹੱਤਤਾ ਨੂੰ ਦੁਹਰਾਇਆ ਅਤੇ ਇਸ ਪ੍ਰਕਿਰਿਆ ਵਿੱਚ ਹੋਰ ਊਰਜਾ ਭਰਨ ਦਾ ਸੰਕਲਪ ਲਿਆ।

4. 2020 ਵਿੱਚ ਭਾਰਤ-ਚੀਨ ਸਰਹੱਦੀ ਖੇਤਰਾਂ ਦੇ ਪੱਛਮੀ ਸੈਕਟਰ ਵਿੱਚ ਝੜਪਾਂ ਹੋਣ ਤੋਂ ਬਾਅਦ ਵਿਸ਼ੇਸ਼ ਪ੍ਰਤੀਨਿਧੀਆਂ ਦੀ ਇਹ ਪਹਿਲੀ ਬੈਠਕ ਸੀ। ਵਿਸ਼ੇਸ਼ ਪ੍ਰਤੀਨਿਧੀਆਂ ਨੇ ਅਕਤੂਬਰ 2024 ਦੇ ਨਵੀਨਤਮ ਸੇਨਾਵਾਂ ਨੂੰ ਪਿੱਛੇ ਹਟਾਉਣ ਦੇ ਸਮਝੌਤੇ ਦੇ ਅਮਲੀਕਰਨ ਦੀ ਸਕਾਰਾਤਮਕ ਪੁਸ਼ਟੀ ਕੀਤੀ, ਜਿਸ ਦੇ ਨਤੀਜੇ ਵਜੋਂ ਸੰਬੰਧਿਤ ਖੇਤਰਾਂ ਵਿੱਚ ਗਸ਼ਤ ਅਤੇ ਪਸ਼ੂਆਂ ਦੀ ਚਰਾਈ ਹੁੰਦੀ ਹੈ।

5. ਦੋਵਾਂ ਵਿਸ਼ੇਸ਼ ਪ੍ਰਤੀਨਿਧੀਆਂ ਨੇ ਭਾਰਤ-ਚੀਨ ਦੁਵੱਲੇ ਸਬੰਧਾਂ ਦੇ ਸਮੁੱਚੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਹੱਦੀ ਖੇਤਰਾਂ ਵਿੱਚ ਅਮਨ ਅਤੇ ਸ਼ਾਂਤੀ ਨੂੰ ਬਣਾਈ ਰੱਖਣ ਦੇ ਮਹੱਤਵ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਸ਼ਾਂਤੀਪੂਰਨ ਸਥਿਤੀਆਂ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਹੀ ਜ਼ੋਰ ਦਿੱਤਾ ਤਾਂ ਜੋ ਸਰਹੱਦ 'ਤੇ ਮੁੱਦੇ ਦੁਵੱਲੇ ਸਬੰਧਾਂ ਦੇ ਆਮ ਵਿਕਾਸ ਵਿੱਚ ਰੁਕਾਵਟ ਨਾ ਬਣਨ। 2020 ਦੀਆਂ ਘਟਨਾਵਾਂ ਤੋਂ ਸਿੱਖਿਆ ਲੈ ਕੇ, ਉਨ੍ਹਾਂ ਨੇ ਸਰਹੱਦ

'ਤੇ ਅਮਨ ਅਤੇ ਸ਼ਾਂਤੀ ਬਣਾਈ ਰੱਖਣ ਅਤੇ ਪ੍ਰਭਾਵਸ਼ਾਲੀ ਸਰਹੱਦੀ ਪ੍ਰਬੰਧਨ ਨੂੰ ਅੱਗੇ ਵਧਾਉਣ ਲਈ ਵੱਖੋ-ਵੱਖਰੇ ਉਪਾਵਾਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਇਸ ਉਦੇਸ਼ ਲਈ ਸੰਬੰਧਿਤ ਕੂਟਨੀਤਕ ਅਤੇ ਫੌਜੀ ਤੰਤਰ ਦੀ ਵਰਤੋਂ ਕਰਨ, ਉਹਨਾਂ ਵਿਚਕਾਰ ਤਾਲਮੇਲ ਅਤੇ ਮਾਰਗਦਰਸ਼ਨ ਕਰਨ ਦਾ ਫੈਸਲਾ ਕੀਤਾ।

6. ਵਿਸ਼ੇਸ਼ ਪ੍ਰਤੀਨਿਧੀਆਂ ਨੇ ਆਪਸੀ ਹਿੱਤਾਂ ਦੇ ਦੁਵੱਲੇ, ਖੇਤਰੀ ਅਤੇ ਗਲੋਬਲ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕੈਲਾਸ਼ ਮਾਨਸਰੋਵਰ ਯਾਤਰਾ ਨੂੰ ਮੁੜ ਸ਼ੁਰੂ ਕਰਨ, ਸਰਹੱਦ ਪਾਰ ਦਰਿਆਵਾਂ ਅਤੇ ਸਰਹੱਦੀ ਵਪਾਰ ਬਾਰੇ ਡੇਟਾ ਸਾਂਝਾ ਕਰਨ ਸਮੇਤ, ਸਰਹੱਦ ਪਾਰ ਸਹਿਯੋਗ ਅਤੇ ਆਦਾਨ-ਪ੍ਰਦਾਨ ਲਈ ਸਕਾਰਾਤਮਕ ਦਿਸ਼ਾ-ਨਿਰਦੇਸ਼ ਦਿੱਤੇ। ਉਹ ਖੇਤਰੀ ਅਤੇ ਗਲੋਬਲ ਸ਼ਾਂਤੀ ਅਤੇ ਖੁਸ਼ਹਾਲੀ ਲਈ ਸਥਿਰ, ਅਨੁਮਾਨਯੋਗ ਅਤੇ ਮਿਲਣਸਾਰ ਭਾਰਤ-ਚੀਨ ਸਬੰਧਾਂ ਦੀ ਸਥਿਤੀ 'ਤੇ ਸਹਿਮਤ ਹੋਏ।

7. ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਪੀਪਲਜ਼ ਰੀਪਬਲਿਕ ਔਫ ਚਾਈਨਾ ਦੇ ਉਪ ਰਾਸ਼ਟਰਪਤੀ ਮਹਾਮਹਿਮ ਸ਼੍ਰੀ ਹਾਨ ਜ਼ੇਂਗ ਨਾਲ ਵੀ ਮੁਲਾਕਾਤ ਕੀਤੀ।

8. ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਸ਼੍ਰੀ ਵੌਂਗ ਯੀ ਨੂੰ ਵਿਸ਼ੇਸ਼ ਪ੍ਰਤੀਨਿਧੀਆਂ ਦੀ ਬੈਠਕ ਦੇ ਅਗਲੇ ਦੌਰ ਨੂੰ ਆਯੋਜਿਤ ਕਰਨ ਲਈ ਇੱਕ ਆਪਸੀ ਸੁਵਿਧਾਜਨਕ ਮਿਤੀ 'ਤੇ ਭਾਰਤ ਆਉਣ ਦਾ ਸੱਦਾ ਦਿੱਤਾ।

**ਨਵੀਂ ਦਿੱਲੀ**

**18 ਦਸੰਬਰ, 2024**